# ਪਰਬਤਾਂ ਸੰਗ ਭਿੜਦਾ ਹੋਇਆ ਦਰਿਆ

ਸ਼ਬਦੀਸ਼

ਪਰਬਤਾਂ ਸੰਗ ਭਿੜਦਾ ਹੋਇਆ ਦਰਿਆ ਰਸਤਾ ਬਣਾਉਂਦਾ ਵਹਿ ਰਿਹਾ ਸੀ। ਯੁੱਗਾਂ-ਯੁਗਾਂਤਰਾਂ ਤੋਂ ਚੱਲ ਰਿਹਾ, ਇਕ ਕੁਦਰਤੀ ਵਰਤਾਰਾ।

ਇਹ ਆਜ਼ਾਦ ਭਾਰਤ ਦੇ ਮਹਾਂ-ਪ੍ਰਾਜੈਕਟ ਭਾਖੜਾ ਡੈਮ ਦੀ ਉਸਾਰੀ ਤੋਂ ਪਹਿਲਾਂ ਦਾ ਸੀਨ ਹੈ, ਜਿਸ ਉਤੇ ਬੇਅੰਤ ਲੋਕ ਜ਼ਿਹਨੀ ਤੇ ਜਿਸਮਾਨੀ ਮਿਹਨਤ ਕਰ ਰਹੇ ਸਨ। ਇਨ੍ਹਾਂ ਵਿਚ ਨੌਜਵਾਨ ਗੁਰਸ਼ਰਨ ਸਿੰਘ ਵੀ ਸ਼ਾਮਲ ਸੀ। ਉਹ ਮਾਰੋ-ਮਾਰ ਕਰਦੇ ਦਰਿਆ ਵੱਲ ਵੇਖੀ ਜਾ ਰਿਹਾ ਸੀ। ਉਹਦੇ ਮਨ-ਮਸਤਕ ਵਿਚ ਸੋਚਾਂ ਦੇ ਗਹਿਰੇ ਸਾਗਰ ਦਾ ਮਹਾਂ-ਮੰਥਨ ਚਲ ਰਿਹਾ ਸੀ। ਮਨ ਅੰਦਰ ਸਵਾਲ ਉਗਮ ਰਿਹਾ ਸੀ, **"ਜੇ ਮਾਨਵੀ ਕਲਿਆਣ ਲਈ ਦਰਿਆ ਦੇ ਰੁਖ਼ ਮੋੜੇ ਜਾ ਸਕਦੇ ਹਨ, ਤਾਂ ਜ਼ਿੰਦਗੀ ਦਾ ਰੁਖ਼ ਕਿਉਂ ਨਹੀਂ ਮੋੜਿਆ ਜਾ ਸਕਦਾ...?"**

ਇਹ ਉਹ ਸਮਾਂ ਸੀ, ਜਦੋਂ ਦੇਸ਼ ਅੰਦਰ ਆਜ਼ਾਦੀ ਅਜੇ ਆਈ ਹੀ ਸੀ ਅਤੇ ਸੁਪਨਿਆਂ ਦੇ ਨਵੇਂ ਭਾਰਤ ਦਾ ਉਤਸ਼ਾਹ ਉਛਾਲੇ ਮਾਰ ਰਿਹਾ ਸੀ। ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਭਾਖੜਾ ਡੈਮ ਨੂੰ 'ਆਜ਼ਾਦ ਭਾਰਤ ਦਾ ਆਧੁਨਿਕ ਮੰਦਰ' ਆਖ ਰਹੇ ਸਨ ਅਤੇ ਹਰ ਆਦਰਸ਼ਵਾਦੀ ਭਾਰਤੀ ਪ੍ਰਧਾਨ ਮੰਤਰੀ ਦੇ ਸ਼ਬਦਾਂ ਨੂੰ ਸਮੇਂ ਦਾ ਸੱਚ ਤਸੱਵੁਰ ਕਰ ਰਿਹਾ ਸੀ, ਸ. ਗੁਰਸ਼ਰਨ ਸਿੰਘ ਵੀ, ਹਾਲਾਂਕਿ ਉਹ ਥੋੜ੍ਹੇ ਅਲੱਗ ਨਜ਼ਰੀਏ ਵਾਲਾ ਨੌਜਵਾਨ ਬਣ ਚੁੱਕਾ ਸੀ। ਇਸੇ ਲਈ ਤਾਂ ਉਸ ਕੋਲ ਆਪਣੇ ਅੰਦਰ ਸਿਰ ਚੁੱਕੀ ਖੜ੍ਹੇ ਸਵਾਲ ਦਾ ਜਵਾਬ ਸੀ, **"ਹਾਂ, ਜ਼ਿੰਦਗੀ ਦਾ ਰੁਖ਼ ਮੋੜਿਆ ਜਾ ਸਕਦਾ ਹੈ, ਬਸ਼ਰਤੇ ਅਵਾਮ ਅੰਦਰ ਸਵਾਲ ਵੀ ਜਾਵੇ ਤੇ ਉਸਦਾ ਜਵਾਬ ਵੀ, ਜੋ ਬੰਦ ਦਰਾਂ ਦੇ ਕਵਾੜ ਖੋਲ੍ਹ ਸਕਣ 'ਚ ਸਹਾਈ ਹੋਵੇ ਅਤੇ ਇਹ ਕੰਮ ਨਾਟਕ ਕਰ ਸਕਦਾ ਹੈ।"** ਇਹ ਉਸ ਦਾ ਆਪਣੇ ਅੰਦਰਲੇ ਨੂੰ ਜਵਾਬ ਸੀ। ਬਸ ਫਿਰ ਕੀ ਸੀ...? ਇਹ ਨਾਟਕ ਉਨ੍ਹਾਂ ਦੀ ਜ਼ਿੰਦਗੀ ਦਾ ਆਲ੍ਹਾ ਮਕਸਦ ਹੋ ਗਿਆ। ਹੁਣ ਤਾਂ ਉਹ ਦਰਿਆਵਾਂ ਦੇ ਵਹਿਣ ਮੋੜਦੇ-ਮੋੜਦੇ ਖ਼ੁਦ ਦਰਿਆ ਹੋ ਗਏ ਹਨ...ਇਕ ਅਮੋੜ ਦਰਿਆ, ਜਿਸ ਦੇ ਨਾਟਕ ਦੀ ਤਾਕਤ ਨੇ ਚੱਲਦੇ ਵਰਤਾਰੇ ਵਿਚ ਵੀ ਕੁਝ ਕੁ ਸਮਾਜੀ ਖੇਤਰਾਂ ਦਾ ਰੁਖ਼ ਮੋੜ ਦਿੱਤਾ ਹੈ।

ਉਹ ਇਸ ਨੂੰ ਰੰਗਮੰਚ ਦੀ ਤਾਕਤ ਦਾ ਕਮਾਲ ਆਖਦੇ ਹਨ। ਸ਼ਾਇਦ ਇਸ ਲਈ ਕਿ ਉਹ ਇਹ ਆਖਣ ਦਾ ਹੱਕ ਕਮਾ ਸਕੇ ਹਨ।

ਅੱਜ ਅਸੀਂ ਲੁਧਿਆਣੇ ਜਾਂਦੇ ਹਾਂ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਬੁੱਤ ਨਜ਼ਰੀਂ ਪੈਂਦਾ ਹੈ। ਇਹ ਗੁਰਸ਼ਰਨ ਸਿੰਘ ਦੇ ਨਾਟਕ ਦੇ ਇਤਿਹਾਸ ਦਾ ਅਧਿਆਏ ਹੈ। ਉਨ੍ਹਾਂ ਦਾ ਨਾਟਕ ਹੀ ਤਾਂ ਹੈ, ਜਿਸ ਸਦਕਾ ਅਸਲ ਬੁੱਤ ਇਤਿਹਾਸ ਹੋ ਕੇ ਵਿਦਾ ਹੋ ਗਿਆ ਹੈ ਜਾਂ ਇਹ ਆਖ ਲਈਏ ਕਿ ਅਸਲ ਬੁੱਤ ਚੌਕ 'ਚ ਆ ਖੜ੍ਹਾ ਹੋਇਆ ਹੈ। ਕਦੇ ਇਸ ਜਗ੍ਹਾ

ਸ਼ਹੀਦ ਭਗਤ ਸਿੰਘ ਇਕੱਲਾ ਖੜ੍ਹਾ ਸੀ। ਜਦੋਂ ਗੁਰਸ਼ਰਨ ਸਿੰਘ ਨੇ ਨਾਟਕ ਕੀਤਾ ਉਸ ਵਿਚਲਾ ਭਗਤ ਸਿੰਘ ਅਜੋਕੇ ਤੇ ਬੀਤੇ ਵਕਤਾਂ ਦੇ ਸੱਚ-ਅਸੱਚ ਦਾ ਪਰਦਾਫ਼ਾਸ਼ ਕਰ ਰਿਹਾ ਸੀ। ਉਹ ਐਲਾਨ ਕਰ ਰਿਹਾ ਸੀ, "ਮੈਂ ਫ਼ਾਂਸੀ ਦੇ ਤਖ਼ਤੇ ਤੱਕ ਆਪਣੇ ਨਾਸਤਿਕ ਵਿਚਾਰਾਂ ਸਮੇਤ ਗਿਆ ਸਾਂ। ਇਹੀ ਮੇਰਾ ਅਕੀਦਾ ਸੀ। ਮੇਰੇ ਸਿਰ ਅਹਿਸਾਨ ਕਰੋ...ਜਿਸ ਜਗ੍ਹਾ ਨਾਸਤਿਕ ਹੋਣ ਕਾਰਨ ਫੋਟੋ ਲਗਾਉਣੀ ਟਲਦੀ ਰਹੀ ਸੀ, ਹੁਣ ਵੀ ਉਤਾਰ ਦਿਓ।" ਇਸ ਕਿਸਮ ਦੇ ਡਾਇਲਾਗ ਨਾਟਕ ਵਿਚ ਸ਼ਾਮਲ ਸਨ ਪਰ ਉਸ ਦਿਨ ਮੌਕੇ ਦੀ ਨਜ਼ਾਕਤ ਵੇਖ ਭਗਤ ਸਿੰਘ ਨੇ ਜ਼ੋਰਦਾਰ ਆਵਾਜ਼ ਵਿਚ ਆਖਿਆ, "ਮੈਂ ਰਾਜਗੁਰੂ ਤੇ ਸੁਖਦੇਵ ਦੇ ਅੰਗ-ਸੰਗ ਤੁਰਦਾ 'ਇਨਕਲਾਬ-ਜ਼ਿੰਦਾਬਾਦ' ਦੇ ਬੁਲੰਦ ਬਾਂਗ ਨਾਅਰੇ ਮਾਰਦਾ ਫਾਂਸੀ ਤੱਕ ਗਿਆ ਹਾਂ। ਫਿਰ ਇਸ ਜਗ੍ਹਾ ਮੇਰਾ ਇਕੱਲੇ ਦਾ ਬੁੱਤ ਕਿਉਂ ਹੈ? ਮੇਰੇ ਜਾਨੋਂ ਪਿਆਰੇ ਮਿੱਤਰਾਂ ਬਿਨਾਂ ਤਾਂ ਮੈਂ ਅਧੂਰਾ ਹਾਂ। ਉਨ੍ਹਾਂ ਨੂੰ ਮੇਰੇ ਨਾਲ ਖੜ੍ਹੇ ਕਰੋ ਜਾਂ ਮੇਰਾ ਬੁੱਤ ਵੀ ਉਤਾਰ ਦਿਓ...।"

ਸ. ਗੁਰਸ਼ਰਨ ਸਿੰਘ ਦਾ ਨਾਟਕ ਮੰਚ ਉੱਤੇ ਤਾਂ ਖ਼ਤਮ ਹੋ ਗਿਆ ਪਰ ਹਰ ਸੂਝਵਾਨ ਬੰਦੇ ਦੇ ਮਨ ਅੰਦਰ ਚੱਲ ਰਿਹਾ ਸੀ। ਉਸ ਸਮੇਂ ਸ. ਗੁਰਸ਼ਰਨ ਸਿੰਘ ਦੇ ਬੋਲਾਂ ਨੇ ਭਗਤ ਸਿੰਘ ਮਨਾਂ ਅੰਦਰ ਉਤਾਰ ਦਿੱਤਾ ਸੀ। ਉਸ ਜਗ੍ਹਾ ਖੜ੍ਹੇ-ਖਲੋਤੇ ਹੀ ਤੇਈ ਮਾਰਚ ਦੇ ਤਿੰਨ ਸ਼ਹੀਦਾਂ ਦੇ ਬੁੱਤ ਲੱਗਣ ਦਾ ਐਲਾਨ ਹੋ ਗਿਆ।

ਹਰ ਬੰਦਾ, ਜੋ ਸ. ਗੁਰਸ਼ਰਨ ਸਿੰਘ ਦੇ ਨਾਟਕ ਦੇ ਇਤਿਹਾਸ ਦੇ ਇਸ ਅਨੋਖੇ ਕਾਂਡ ਤੋਂ ਵਾਕਿਫ਼ ਹੈ, ਤਿੰਨਾਂ ਸ਼ਹੀਦਾਂ ਨੂੰ ਸਲਾਮ ਕਰਨ ਸਮੇਂ ਨਾਟਕ ਦੀ ਤਾਕਤ ਦਾ ਅਰਥ ਵੀ ਸਮਝਦਾ ਹੈ।

ਇਸ ਤਾਕਤ ਦੇ ਇਕ ਹੋਰ ਅਧਿਆਏ ਦੀ ਸਿਰਜਣਾ ਪੰਜਾਬ ਸਕੂਲ ਸਿੱਖਿਆ ਬੋਰਡ ਐੱਸ.ਏ.ਐੱਸ. ਨਗਰ ਦੇ ਬਾਹਰਵਾਰ ਵੀ ਹੁੰਦੀ ਹੈ। ਉਹ ਕਈ ਸਾਲਾਂ ਤੋਂ ਇਸਤਰੀਆਂ ਦੀ ਸੱਚੀ ਬਰਾਬਰੀ ਦਾ ਸੰਘਰਸ਼ ਨਾਟਕਾਂ ਸਦਕਾ ਲੜਦੇ ਆ ਰਹੇ ਹਨ। ਇਸ ਲੜੀ ਤਹਿਤ ਹੀ 'ਸਮਾਜ' ਨਾਂ ਦਾ ਨਾਟਕ ਤਿਆਰ ਕੀਤਾ ਗਿਆ, ਜਿਸ ਨੂੰ ਗੁਰਸ਼ਰਨ ਸਿੰਘ ਵੱਲੋਂ ਵਿਕਸਿਤ ਥੜ੍ਹਾ ਥੀਏਟਰ ਸ਼ੈਲੀ ਅਧੀਨ ਖੇਡਿਆ ਜਾਂਦਾ ਹੈ। ਇਹ ਰੰਗਮੰਚੀ ਤਕਨੀਕਾਂ ਦਾ ਨਾਟਕ ਨਹੀਂ ਹੈ, ਜਿਸ ਲਈ ਲੋੜੀਂਦੀਆਂ ਸਹੂਲਤਾਂ ਲਈ ਤਰੱਦਦ ਕਰਨਾ ਪੈਂਦਾ ਹੈ। ਇਸ ਨੂੰ ਕਿਸੇ ਵੀ ਸਟੇਜ ਜਾਂ ਚੌਕ-ਚੌਰਾਹੇ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਅਜਿਹੇ ਨਾਟਕਾਂ ਵਿਚ ਸ਼ਾਮਲ ਹੈ, ਜਿਸ ਨੂੰ ਸ. ਗੁਰਸ਼ਰਨ ਸਿੰਘ ਨੇ ਹਮੇਸ਼ਾਂ 'ਮੈਂ ਸੁਨੇਹਾ ਦੇਣ ਆਇਆ ਹਾਂ' ਆਖ ਕੇ ਪੇਸ਼ ਕੀਤਾ ਹੈ। ਇਹ ਸ਼ਾਇਦ ਵਿਦਵਾਨਾਂ ਕੋਲੋਂ ਸ਼ਲਾਘਾ ਹਾਸਲ ਕਰਨ ਵਾਲਾ ਨਾਟਕ ਨਹੀਂ ਹੈ, ਇਹ ਬਸ ਦਰਸ਼ਕ ਲਈ ਹੈ ਅਤੇ ਉਸ ਦੇ ਸਾਹਮਣੇ ਸਵਾਲ ਖੜ੍ਹਾ ਕਰਦਾ ਹੈ, **"ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਪਾਲਣ-ਪੋਸਣ ਵੀ ਮਾਂ ਹੀ ਕਰਦੀ ਹੈ, ਫਿਰ ਸਕੂਲ ਦਾਖ਼ਲ ਹੋਣ ਸਮੇਂ ਇਕੱਲੇ ਬਾਪ ਦਾ ਨਾਂ ਕਿਉਂ ਲਿਖਿਆ ਜਾਂਦਾ ਹੈ...?"**

ਇਹੀ ਸਵਾਲ ਉਸ ਦਿਨ ਉਠਾਇਆ ਗਿਆ ਅਤੇ ਉਸ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ, "ਅੱਜ ਤੋਂ ਬਾਅਦ ਜਾਰੀ ਹੋਣ ਵਾਲੇ ਹਰ ਸਰਟੀਫਿਕੇਟ ਉੱਤੇ ਮਾਂ ਤੇ ਬਾਪ, ਦੋਵਾਂ ਦਾ ਨਾਮ ਦਰਜ ਹੋਵੇਗਾ।"

ਇਸ ਤਰ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਕ੍ਰਾਂਤੀਕਾਰੀ ਕਦਮ ਉਠਾ ਕੇ ਦੇਸ਼ ਦੀ

ਅਗਵਾਈ ਕੀਤੀ ਹੈ ਅਤੇ ਹੁਣ ਹਰ ਬੋਰਡ-ਯੂਨੀਵਰਸਿਟੀ ਨੇ ਇਸ ਨੂੰ ਅਪਣਾ ਲਿਆ ਹੈ। ਸ. ਗੁਰਸ਼ਰਨ ਸਿੰਘ ਨੂੰ ਅਜਿਹਾ ਹੋ ਜਾਣ ਦਾ ਭਰੋਸਾ ਸੀ, ਹਾਲਾਂਕਿ ਜਿਉਂਦੇ-ਜੀਅ ਹੋ ਜਾਣ ਬਾਰੇ ਸ਼ੰਕਾ ਸੀ। ਹੁਣ ਵੀ ਭਰੋਸਾ ਹੈ ਕਿ ਸਭ ਲਈ ਵਿੱਦਿਆ ਤੇ ਰੁਜ਼ਗਾਰ ਮਿਲ ਕੇ ਹੀ ਰਹਿਣਾ ਹੈ। ਜੇ ਇਸ ਸਿਸਟਮ ਨੇ ਨਾ ਕੀਤਾ, ਇਹ ਫੇਲ੍ਹ ਹੋ ਗਿਆ ਤਾਂ ਇਨਕਲਾਬ ਆਏਗਾ ਅਤੇ ਉਹ ਇਹ ਕੰਮ ਪੂਰਾ ਕਰੇਗਾ। ਇਹ ਮਨੁੱਖਤਾ ਦਾ ਸੁਪਨਾ ਹੈ, ਉਨ੍ਹਾਂ ਨੇ ਤਾਂ ਨਾਟਕਾਂ ਜਾਂ ਭਾਸ਼ਨਾਂ ਵਿਚ ਆਵਾਜ਼ ਹੀ ਉਠਾਈ ਹੈ। **ਸਮੇਂ ਸਿਰ ਆਵਾਜ਼ ਉਠਾ ਦੇਣਾ ਹੀ ਕਲਾ ਦਾ ਕਰਮ ਹੈ। ਜੇ ਕਲਾ ਅਜਿਹਾ ਨਹੀਂ ਕਰਦੀ ਤਾਂ 'ਸੱਤਿਯਮ ਸ਼ਿਵਮ ਸੁੰਦਰਮ' ਐਵੇਂ ਵਾਧੂ ਦੀਆਂ ਗੱਲਾਂ ਹਨ।**

ਜਦੋਂ ਪੁੱਛਿਆ ਜਾਂਦਾ ਹੈ ਕਿ ਨਾਟਕ ਵਿਚ ਭਾਸ਼ਨ ਤੇ ਭਾਸ਼ਨ ਵਿਚ ਨਾਟਕ ਕਰਨ ਨੂੰ ਗ਼ਲਤ ਨਹੀਂ ਸਮਝਦੇ? ਤਾਂ ਜਵਾਬ ਹੁੰਦਾ ਹੈ, "ਭਾਸ਼ਨ ਤਾਂ ਸ਼ੈਕਸਪੀਅਰ ਦੇ ਨਾਟਕਾਂ ਵਿਚ ਮੇਰੇ ਨਾਟਕ ਤੋਂ ਕਿਤੇ ਲੰਮੇ ਹਨ। ਮੈਂ ਤਾਂ ਬਰਨਾਰਡ ਸ਼ਾਅ ਵਾਂਗ ਸਿੱਧੀ ਤੇ ਸੰਖੇਪ ਗੱਲ ਕਰਦਾ ਹਾਂ, ਜਿਵੇਂ ਉਸ ਦੇ ਨਾਟਕ ਵਿਚ ਦੋ ਆਦਮੀ ਆਉਂਦੇ ਹਨ। ਇਕ ਮੋਟਾ-ਤਾਜ਼ਾ ਤੇ ਦੂਜਾ ਬਿਲਕੁਲ ਕਮਜ਼ੋਰ...ਜਿਵੇਂ ਸੱਤਿਆ ਈ ਨਾ ਹੋਵੇ। ਉਸ ਨੂੰ ਮੋਟਾ ਆਖਦਾ ਹੈ- 'ਮੈਨੂੰ ਲੱਗਦਾ ਤੂੰ 'ਕਾਲ ਦਾ ਮਾਰਿਆ ਏਂ।' ਅੱਗੋਂ ਕਮਜ਼ੋਰ ਬੰਦਾ ਆਖਦਾ ਹੈ-'ਮੈਨੂੰ ਲੱਗਦਾ, ਇਹ 'ਕਾਲ ਵੀ ਤਾਂ ਈ ਪਿਆ ਏ, ਕਿਉਂਕਿ ਸਾਰਾ ਕੁਝ ਤੂੰ ਚਟਮ ਕਰ ਗਿਆ ਏਂ।' ਇਸੇ ਨੂੰ ਲੋਕ ਭਾਸ਼ਨ ਆਖਦੇ ਹਨ, ਸਟੇਟਮੈਂਟਲ ਥੀਏਟਰ। ਮੈਂ ਪੁੱਛਦਾ ਹੀ ਇਹ ਹਾਂ- **ਜੇ ਕੋਈ ਸਟੇਟਮੈਂਟ ਹੀ ਨਹੀਂ ਦੇਣੀ, ਸਮਾਜ ਦਾ ਕੋਈ ਸਵਾਲ ਹੀ ਨਹੀਂ ਉਠਾਉਣਾ, ਨਾਟਕ ਕਰਨਾ ਹੀ ਕਿਉਂ ਹੈ...?"**

ਉਹ ਸਿਰਾਂ ਤੋਂ ਗੁਜ਼ਰ ਜਾਣ ਵਾਲੇ ਪ੍ਰਤੀਕਾਂ-ਬਿੰਬਾਂ ਨਾਲ ਨਾਟਕ ਸਿਰਜਣਾ ਪਸੰਦ ਨਹੀਂ ਕਰਦੇ, ਹਾਲਾਂਕਿ ਵਕਤ ਦੀ ਲੋੜ ਮੁਤਾਬਕ ਅਜਿਹੇ ਸਮਝਣਯੋਗ ਬਿੰਬਾਂ-ਪ੍ਰਤੀਕਾਂ ਦੀ ਵਰਤੋਂ ਕਰ ਵੀ ਲੈਂਦੇ ਹਨ। 'ਤਖ਼ਤ ਲਾਹੌਰ' ਪਾਕਿਸਤਾਨ ਦੇ ਹਾਲਾਤ ਦਾ ਬਿਆਨ ਕਰਦਾ ਹੈ ਪਰ ਸ. ਗੁਰਸ਼ਰਨ ਸਿੰਘ ਨੇ ਉਸ ਵਿਚੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੇ ਅਰਥ ਉਜਾਗਰ ਕਰ ਲਏ। ਇਹ ਨਾਟਕ ਜੰਮੂ 'ਚ ਹੋ ਰਿਹਾ ਸੀ, ਜਿਸ ਨੂੰ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੀ ਵੇਖ ਰਹੇ ਸਨ। ਉਨ੍ਹਾਂ ਭਾਸ਼ਨ ਕੀਤਾ ਕਿ 'ਗੁਰਸ਼ਰਨ ਸਿੰਘ ਪੰਜਾਬ ਦਾ ਹੀਰਾ ਹੈ ਪਰ ਉਨ੍ਹਾਂ ਨੂੰ ਅੰਮ੍ਰਿਤਸਰ ਆਉਣ ਸਾਰ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੀਆਂ ਧੀਆਂ ਨੂੰ ਸਕੂਲੋਂ ਲੈ ਕੇ ਆ ਰਹੇ ਸਨ। ਇਸ ਗ੍ਰਿਫ਼ਤਾਰੀ ਦੇ ਨਾਲ ਹੀ ਨੌਕਰੀ ਤੋਂ ਮੁਅਤਲੀ ਵੀ ਹੋ ਗਈ।

ਜਦੋਂ ਐਮਰਜੈਂਸੀ ਦੌਰਾਨ ਨੌਕਰੀ ਤੋਂ ਮੁਅਤਲੀ ਹੋ ਗਈ ਤਾਂ ਸ. ਗੁਰਸ਼ਰਨ ਸਿੰਘ 'ਕਿਵ ਕੂੜੈ ਤੁਟੈ ਪਾਲਿ' ਨਾਟਕ ਖੇਡ ਰਹੇ ਸਨ। ਇਹ ਨਾਟਕ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸਕ ਹਵਾਲੇ ਨਾਲ ਨਕਸਲੀ ਨੌਜਵਾਨ 'ਤੇ ਹੋਏ ਜ਼ੁਲਮਾਂ ਦਾ ਪ੍ਰਤੀਕਰਮ ਸੀ ਅਤੇ ਸਰਹਿੰਦ ਦੇ ਹੁਕਮਰਾਨਾਂ ਉੱਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਹਮਲਾ ਮੌਜੂਦਾ ਨਿਜ਼ਾਮ ਨੂੰ ਢਾਹ ਸੁੱਟਣ ਦਾ ਸੱਦਾ ਸੀ। ਇਸ ਨਾਟਕ ਵਿਚ ਪੰਜਾਬੀ ਅਖਾਣ 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਦਰਸ਼ਕਾਂ ਸਾਹਮਣੇ ਅਸਲ ਮੁੱਦਾ ਪੂਰੀ ਤਰ੍ਹਾਂ ਉਭਾਰ ਦਿੰਦਾ ਸੀ। ਦੇਸ਼ ਉੱਤੇ ਐਮਰਜੈਂਸੀ ਲਗਾ ਕੇ ਜਮਹੂਰੀਅਤ ਦਾ ਭੋਗ ਪਾਏ ਜਾਣ ਖ਼ਿਲਾਫ਼ 'ਬੰਦ

ਕਮਰੇ' ਨਾਟਕ ਵਿਚ ਵੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਤਾਨਾਸ਼ਾਹੀ ਅਤੇ ਬੁੱਧੀਜੀਵੀ ਵਰਗ ਦਾ ਵੀਲ੍ਹ ਚੇਅਰ 'ਤੇ ਰਿੜ੍ਹਨਾ ਪ੍ਰਤੀਕਾਤਮਕ ਢੰਗ ਨਾਲ ਸੱਚ ਉਜਾਗਰ ਕਰ ਰਿਹਾ ਸੀ।

ਇਹ ਨਾਟਕ ਅੰਮ੍ਰਿਤਸਰ ਸਕੂਲ ਆਫ ਡਰਾਮਾ ਦੇ ਹਨ, ਜਦੋਂ ਉਹ ਭਾਖੜਾ ਡੈਮ ਮੁਕੰਮਲ ਹੋਣ ਬਾਅਦ ਅੰਮ੍ਰਿਤਸਰ ਆ ਗਏ ਸਨ। ਨਾਟਕਾਂ ਦਾ ਸਫ਼ਰ ਤਾਂ ਨੰਗਲ ਤੋਂ ਹੀ ਸ਼ੁਰੂ ਹੋ ਗਿਆ ਸੀ। ਇਹ 1957 ਦੀ ਗੱਲ ਹੈ।

ਭਾਖੜਾ ਡੈਮ ਪ੍ਰੌਜੈਕਟ ਦੇ ਅਫਸਰਾਂ ਅਤੇ ਵਰਕਰਾਂ ਲਈ ਕਾਲੋਨੀ ਦੇ ਨਾਲ ਹੀ ਆਫੀਸਰਜ਼ ਕਲੱਬ ਅਤੇ ਵਰਕਰਜ਼ ਕਲੱਬ ਵੀ ਬਣਾਏ ਗਏ ਸਨ, ਜਿੱਥੇ ਅਕਸਰ 15 ਅਗਸਤ ਤੇ 26 ਜਨਵਰੀ ਵਰਗੇ ਕੌਮੀ ਦਿਵਸ, ਸੱਭਿਆਚਾਰਕ ਪ੍ਰੋਗਰਾਮ ਤਹਿਤ ਮਨਾਏ ਜਾਂਦੇ ਸਨ। ਇਕ ਵਾਰ ਲਾਲ ਚੰਦ ਯਮਲਾ ਜੱਟ, ਸੁਰਿੰਦਰ ਕੌਰ ਤੇ ਹੋਰ ਕਲਾਕਾਰ ਆਏ ਸਨ। ਇਨ੍ਹਾਂ ਦਾ ਪ੍ਰੋਗਰਾਮ ਆਫੀਸਰਜ਼ ਕਲੱਬ ਵਿਚ ਸੀ। ਸ. ਗੁਰਸ਼ਰਨ ਸਿੰਘ ਲੈਬਾਰਟਰੀ ਵਿਚ ਸੀਮਿੰਟ ਟੈਕਨਾਲੋਜੀ ਦੇ ਮਾਹਿਰ ਵਜੋਂ ਅਫ਼ਸਰ ਸਨ ਅਤੇ ਪ੍ਰੋਗਰਾਮ ਦੇ ਪ੍ਰਬੰਧਕਾਂ ਵਿਚ ਵੀ ਸ਼ਾਮਲ ਸਨ। ਉਨ੍ਹਾਂ ਦੇ ਘਰ ਬੈਠ ਕੇ ਹੀ ਕਲਾਕਾਰ ਰੀਹਰਸਲ ਕਰਦੇ ਸਨ। ਉਨ੍ਹਾਂ ਦੀ ਕਮਿਊਨਿਸਟ-ਪੱਖੀ ਸੋਚ ਸੀ, ਲਾਲ ਚੰਦ ਯਮਲਾ ਜੱਟ ਤੇ ਸੁਰਿੰਦਰ ਕੌਰ ਵੀ ਇਪਟਾ ਦੇ ਕਲਾਕਾਰ ਵਜੋਂ ਹੀ ਪੰਜਾਬੀ ਸਰੋਤਿਆਂ, ਦਰਸ਼ਕਾਂ ਵਿਚ ਪ੍ਰਵਾਨ ਚੜ੍ਹੇ ਸਨ। ਇਸ ਲਈ ਵਰਕਰਾਂ ਸਾਹਮਣੇ ਪ੍ਰੋਗਰਾਮ ਦੇਣ ਦੀ ਵੀ ਇੱਛਾ ਸੀ ਪਰ ਅਫਸਰਾਂ ਦਾ ਰੁਖ਼ ਐਨ ਉਲਟਾ ਸੀ। ਉਸ ਸਮੇਂ ਪ੍ਰੋਗਰਾਮ ਦੀ ਰੂਪ-ਰੇਖਾ ਦੇ ਇੰਚਾਰਜ ਅਕਾਸ਼ਵਾਣੀ ਰੇਡੀਓ ਜਲੰਧਰ ਦੇ ਨਿਰਦੇਸ਼ਕ ਸਨ। ਉਨ੍ਹਾਂ ਦਾ ਜਵਾਬ ਸੀ, "ਇਨ੍ਹਾਂ ਵਰਕਰਾਂ ਨੂੰ ਕੀ ਪਤਾ ਹੈ ਕਿ ਕਲਾ ਕੀ ਹੁੰਦੀ ਹੈ?"

ਸ. ਗੁਰਸ਼ਰਨ ਸਿੰਘ ਦੀ ਰੂਹ ਅੰਦਰ ਇਹ ਸ਼ਬਦ ਨੇਜ਼ੇ ਵਾਂਗ ਖੁਭ ਗਏ। ਉਨ੍ਹਾਂ ਮੁਤਾਬਕ ਇਹ ਜ਼ਿੰਦਗੀ ਦੀ ਅਮੀਰੀ 'ਤੇ ਹੀ ਨਹੀਂ, ਕਲਾ 'ਤੇ ਵੀ ਅਜਾਰੇਦਾਰੀ ਦੀ ਭਾਵਨਾ ਸੀ। ਇਸ ਵਿਰੁੱਧ ਵਿਦਰੋਹ ਹੋਣਾ ਚਾਹੀਦਾ ਹੈ। ਇਸ ਦਾ ਪਹਿਲਾ ਕਦਮ ਕਲਾਕਾਰਾਂ ਨੂੰ ਇਕ ਦਿਨ ਹੋਰ ਰੋਕਣਾ ਸੀ ਤਾਂ ਕਿ ਉਹ ਵਰਕਰਜ਼ ਕਲੱਬ ਵਿਚ ਵੀ ਪ੍ਰੋਗਰਾਮ ਪੇਸ਼ ਕਰ ਸਕਣ। ਇਸ ਤਰ੍ਹਾਂ ਹੀ ਹੋਇਆ ਪਰ ਇਹ ਇਸ ਤਰ੍ਹਾਂ ਦਾ ਪਹਿਲਾ ਤੇ ਆਖਰੀ ਯਤਨ ਸੀ। ਹਰ ਵਾਰ ਇਸ ਤਰ੍ਹਾਂ ਕਰਨਾ ਤਾਂ ਆਫੀਸਰਜ਼ ਕਲੱਬ ਦੀ ਸੁੱਟੀ ਬੁਰਕੀ ਖਾਣ ਵਾਲੀ ਗੱਲ ਸੀ। ਇਹਦਾ ਅਸਲ ਇਲਾਜ ਤਾਂ ਆਪਣਾ ਆਜ਼ਾਦ ਪ੍ਰੋਗਰਾਮ ਉਲੀਕਣਾ ਹੀ ਹੋ ਸਕਦਾ ਸੀ। ਉਸ ਸਮੇਂ ਕਸ਼ਮੀਰ ਦੀ ਸਮੱਸਿਆ ਦੇਸ਼ ਭਰ ਅੰਦਰ ਬਹਿਸ ਦਾ ਹਿੱਸਾ ਸੀ। ਇਸ ਮੁੱਦੇ 'ਤੇ ਹੀ ਨਾਟਕ ਦੀ ਚੋਣ ਹੋਈ, ਜੋ ਸ. ਕਰਤਾਰ ਸਿੰਘ ਦੁੱਗਲ ਦੀ ਰਚਨਾ 'ਦੀਵਾ ਬੁਝ ਗਿਆ' ਸੀ। ਇਸ ਵਿਚ ਸ. ਗੁਰਸ਼ਰਨ ਸਿੰਘ ਨੇ ਅਦਾਕਾਰ ਵਜੋਂ ਭੂਮਿਕਾ ਨਿਭਾਈ ਸੀ। ਉਨ੍ਹਾਂ ਦੇ ਲੇਖਨ-ਨਿਰਦੇਸ਼ਨ ਦਾ ਸਿਲਸਿਲਾ 'ਲੋਹੜੀ ਦੀ ਹੜਤਾਲ' ਨਾਟਕ ਤੋਂ ਆਰੰਭ ਹੋਇਆ, ਜਿਸ ਦੀ ਸਕ੍ਰਿਪਟ ਸੰਭਾਲੀ ਨਹੀਂ ਜਾ ਸਕੀ। ਸਿਆਲੀ ਦਿਨਾਂ ਵਿਚ ਵਰਕਰਾਂ ਅੰਦਰ ਰੋਹ ਭਰੀ ਗਰਮੀ ਪੈਦਾ ਹੋ ਗਈ ਸੀ ਕਿਉਂਕਿ ਅਫ਼ਸਰਸ਼ਾਹੀ ਨੇ ਲੋਹੜੀ ਦੀ ਛੁੱਟੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਹ 'ਆਧੁਨਿਕ ਮੰਦਰ' ਦਾ ਕੰਮ ਇਕ ਦਿਨ ਵੀ ਰੋਕਣਾ ਪਸੰਦ ਨਹੀਂ ਸੀ ਕਰਨਾ ਚਾਹੁੰਦੇ, ਜਿਸ ਦੇ ਵਿਕਾਸ ਨੂੰ ਵੇਖਣ ਪ੍ਰਧਾਨ ਮੰਤਰੀ

ਪੰਡਿਤ ਜਵਾਹਰ ਲਾਲ ਨਹਿਰੂ ਲੱਗਭਗ ਹਰ ਮਹੀਨੇ ਆਇਆ ਕਰਦੇ ਸਨ। ਵਰਕਰਾਂ ਅੰਦਰ ਵੀ ਪ੍ਰੋਜੈਕਟ ਮੁਕੰਮਲ ਕਰਨ ਦਾ ਉਤਸ਼ਾਹ ਸੀ ਪਰ ਉਹ ਲੋਹੜੀ ਵਰਗੇ ਤਿਓਹਾਰ ਦਾ ਘਰੇਲੂ ਕਿਸਮ ਦਾ ਜਸ਼ਨ ਵੀ ਮਨਾਉਣਾ ਚਾਹੁੰਦੇ ਸਨ। ਉਨ੍ਹਾਂ ਇਹ ਵੀ ਆਖ ਦਿੱਤਾ ਸੀ ਕਿ ਪ੍ਰੋਜੈਕਟ ਦੇ ਉਹ ਕੰਮ, ਜਿੱਥੇ 24 ਘੰਟੇ ਵਰਕਰ ਤਾਇਨਾਤ ਰੱਖਣੇ ਲਾਜ਼ਮੀ ਹਨ, ਉਹ ਕੰਮ 'ਤੇ ਚਲੇ ਜਾਣਗੇ ਪਰ ਅਫਸਰਾਂ ਦੀ ਅਫਸਰੀ ਲਈ ਵਰਕਰ ਦਾ ਸੁਝਾਅ ਮੰਨਣਾ ਵੀ ਤੌਹੀਨ ਸੀ। ਇਸ ਤਰ੍ਹਾਂ 'ਲੋਹੜੀ ਦੀ ਹੜਤਾਲ' ਹੋ ਗਈ। ਸ. ਗੁਰਸ਼ਰਨ ਸਿੰਘ ਨੇ 'ਲੋਹੜੀ ਦੀ ਹੜਤਾਲ' ਨਾਂਅ ਦਾ ਨਾਟਕ ਤਿਆਰ ਕੀਤਾ।

ਇਸ ਤਰ੍ਹਾਂ ਸ. ਗੁਰਸ਼ਰਨ ਸਿੰਘ ਦਾ ਨਾਟਕ ਸਿਆਸੀ-ਸਮਾਜੀ ਸਵਾਲਾਂ ਸੰਗ ਸੰਵਾਦ 'ਚੋਂ ਹੀ ਉਪਜਣਾ ਸ਼ੁਰੂ ਹੁੰਦਾ ਹੈ। ਇਸ ਨਾਟਕ ਨੇ ਦਹਿਸ਼ਤਗਰਦੀ ਦੇ ਕਾਲੇ ਦਿਨਾਂ ਵਿਚ 'ਕੁਰਸੀ, ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਦੇ ਨਾਟਕੀ ਸੰਕਲਪ ਤਹਿਤ ਅਨੇਕਾਂ ਨਾਟਕਾਂ ਦੀ ਸਿਰਜਣਾ ਕੀਤੀ, ਜਿਨ੍ਹਾਂ ਵਿਚ 'ਬਾਬਾ ਬੋਲਦਾ ਹੈ' ਵਰਗਾ ਪ੍ਰਮੁੱਖ ਨਾਟਕ ਵੀ ਸ਼ਾਮਲ ਹੈ, ਜੋ 1984 ਦੀਆਂ ਪ੍ਰਮੁੱਖ ਘਟਨਾਵਾਂ-ਬਲਿਊ ਸਟਾਰ ਤੇ ਨਵੰਬਰ ਕਤਲੇਆਮ-ਵਿਚੋਂ ਪੈਦਾ ਹੋਈ ਤਰਾਸਦੀ ਬਿਆਨ ਕਰਦਾ ਹੈ। ਉਸ ਸਮੇਂ ਸ. ਗੁਰਸ਼ਰਨ ਸਿੰਘ ਨੇ ਪੰਜਾਬ ਦੇ ਹਾਲਾਤ ਬਾਰੇ ਦਰਜਨਾਂ ਨਾਟਕ ਲਿਖੇ ਅਤੇ ਖੇਡੇ ਸਨ।

ਸ. ਗੁਰਸ਼ਰਨ ਸਿੰਘ, ਜਿਨ੍ਹਾਂ ਨੇ ਬਾਬਾ ਨਾਨਕ ਦੀ ਸਿੱਖੀ ਦੇ ਸੰਕਲਪਾਂ ਨਾਲ ਬਚਪਨ ਦੇ ਦਿਨੀਂ ਹੀ ਸਾਂਝ ਪਾ ਲਈ ਸੀ, ਦਹਿਸ਼ਤਗਰਦੀ ਦੇ ਦਿਨੀਂ ਦੁਵੱਲੀ ਹਿੰਸਾ ਵਿਚ ਪਿਸਦੇ ਆਮ ਲੋਕਾਂ ਦੀ ਪੀੜਾ ਪਛਾਣਦੇ ਨਾਟਕ ਲਿਖ ਰਹੇ ਸਨ। ਇਹ ਸਿੱਖ ਸਮਾਜ ਅੰਦਰ ਫਿਰਕਾਪ੍ਰਸਤੀ ਦੇ ਬੀਜ ਬੀਜਣ ਅਤੇ ਖਾਲਿਸਤਾਨੀ ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਕਾਰਨ ਦੇਸ਼ ਭਰ ਵਿਚ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਦਾ ਪਰਦਾਫ਼ਾਸ਼ ਕਰਦੇ ਸਨ, ਜਿਵੇਂ ਰਾਜੀਵ ਗਾਂਧੀ ਦੀ 'ਇਤਿਹਾਸਕ ਜਿੱਤ' ਦੌਰਾਨ ਅਮੇਠੀ ਵਿਚ ਮੇਨਕਾ ਗਾਂਧੀ ਖਿਲਾਫ਼ 'ਬੇਟੀ ਹੈ ਸਰਦਾਰ ਕੀ, ਦੇਸ਼ ਕੇ ਗ਼ੱਦਾਰ ਕੀ' ਦੇ ਨਾਅਰੇ ਲਗਾਏ ਗਏ ਸਨ। ਸ. ਗੁਰਸ਼ਰਨ ਸਿੰਘ ਸੱਤਾ ਦੇ ਕੁਫ਼ਰ ਅਤੇ ਇਸ ਵਿਰੁੱਧ ਇਸ ਤੋਂ ਵੀ ਵੱਧ ਕੁਫ਼ਰ ਤੋਲਦੀ 'ਪੰਥਕ ਸਿਆਸਤ' ਨੂੰ ਸ਼ੀਸ਼ਾ ਵਿਖਾ ਰਹੇ ਸਨ।

ਜਿੱਥੋਂ ਤੱਕ ਸ. ਗੁਰਸ਼ਰਨ ਸਿੰਘ ਦਾ ਸਬੰਧ ਹੈ, ਉਹ ਗ਼ਰੀਬ-ਗੁਰਬੇ ਦੀ ਪੀੜਾ ਲਈ ਸਿੱਖ ਸੰਕਲਪਾਂ ਅਤੇ ਇਸੇ ਸੰਸਾਰ ਵਿਚ ਜਿਉਂਦੇ-ਜੀਅ ਮੁਕਤੀ ਲਈ ਮਾਰਕਸਵਾਦੀ ਫ਼ਲਸਫ਼ੇ ਦੇ ਧਾਰਨੀ ਹਨ। ਇਹ ਧਰਮ ਤੇ ਸਿਆਸਤ ਦੇ ਗਠਜੋੜ ਦੀ ਰਾਜਨੀਤੀ ਨਹੀਂ ਹੈ, ਨਾ ਹੀ ਗੁਰਬਾਣੀ ਤੇ ਮਾਰਕਸਵਾਦ ਦੇ ਗਠਜੋੜ ਦਾ ਫ਼ਲਸਫ਼ਾ ਹੈ। ਇਹ ਅਹਿਸਾਸ ਅਤੇ ਸਮਝਦਾਰੀ ਦੇ ਤਾਲਮੇਲ ਦਾ ਸੰਕਲਪ ਹੈ। ਇਸ ਨਾਲ ਸਹਿਮਤੀ-ਅਸਹਿਮਤੀ ਦੀ ਸੁਰ ਸਦਾ ਹਾਜ਼ਰ ਰਹੀ ਹੈ ਪਰ ਸ. ਗੁਰਸ਼ਰਨ ਸਿੰਘ ਨੇ ਆਪਣੀ ਸਮਝਦਾਰੀ ਨਾ ਤਬਦੀਲ ਕੀਤੀ ਹੈ, ਨਾ ਹੀ ਕਿਸੇ ਇਕ ਜਾਂ ਦੂਜੇ ਦੀ ਖ਼ੁਸ਼ੀ ਲਈ ਕੋਈ ਪਰਦਾਪੋਸ਼ੀ ਕੀਤੀ ਹੈ। ਇਨ੍ਹਾਂ ਵਿਚਾਰਾਂ ਸਹਿਤ ਹੀ ਉਹ ਸਾਡੀ ਕੌਮੀਅਤ ਦੇ ਪ੍ਰਮੁੱਖ ਪੰਜਾਬੀ ਹਨ। 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਦੇ ਸਰਵੇਖਣ ਵਿਚ ਲੋਕ-ਰਾਇ ਉਨ੍ਹਾਂ ਦੀ ਚੋਣ ਕਰਦੀ ਹੈ ਅਤੇ ਸਬੱਬ ਦੀ ਗੱਲ ਹੈ ਕਿ ਇਸ ਦਾ ਨਤੀਜਾ ਮਿਲਣ ਵਾਲੇ ਦਿਨ ਹੀ ਕੁੱਸਾ ਵਿਚ ਅਜਿਹਾ ਜਨਤਕ ਸਨਮਾਨ ਸਮਾਗਮ ਹੁੰਦਾ ਹੈ, ਜਿਸ ਤਰ੍ਹਾਂ ਦਾ ਸ਼ਾਇਦ ਹੀ ਕਿਸੇ ਲੇਖਕ-ਕਲਾਕਾਰ ਦਾ ਹੋਇਆ ਹੋਵੇ।

ਸੋਵੀਅਤ ਸਮਾਜਵਾਦ ਨੇ ਆਪਣੇ ਲੇਖਕਾਂ ਨੂੰ ਵਿਸ਼ਵ-ਵਿਆਪੀ ਸਨਮਾਨ ਦੇ ਹੱਕਦਾਰ ਬਣਾਇਆ ਸੀ, ਜਿਸ ਵਿਚ ਇਨਕਲਾਬ ਤੋਂ ਸੈਂਕੜੇ ਸਾਲ ਪਹਿਲਾਂ ਦੇ ਰੂਸੀ ਲੇਖਕ ਵੀ ਸ਼ਾਮਲ ਸਨ, ਤਾਂ ਵੀ ਅਜਿਹੇ ਕਿਸੇ ਸਮਾਗਮ ਦੀ ਖ਼ਬਰ ਕਦੇ ਵੀ ਪੜ੍ਹੀ-ਸੁਣੀ ਨਹੀਂ ਗਈ। ਇਸ ਤੋਂ ਪਹਿਲਾਂ ਸੁਚੇਤਕ ਰੰਗਮੰਚ ਮੋਹਾਲੀ ਨੇ 'ਗੁਰਸ਼ਰਨ ਸਿੰਘ ਨਾਟ-ਉਤਸਵ' ਦੀ ਸ਼ੁਰੂਆਤ ਕੀਤੀ ਸੀ ਅਤੇ ਪਿੱਛੋਂ 'ਕ੍ਰਾਂਤੀ ਦਾ ਕਲਾਕਾਰ-ਗੁਰਸ਼ਰਨ ਸਿੰਘ' ਨਾਂਅ ਦੀ ਦਸਤਾਵੇਜ਼ੀ ਫਿਲਮ ਵੀ ਤਿਆਰ ਕੀਤੀ। ਇਹ ਕਿਸੇ ਅੰਗ-ਸੰਗ ਵਿਚਰਦੇ ਲੇਖਕ ਬਾਰੇ ਨਿੱਜੀ ਯਤਨਾਂ ਸਦਕਾ ਬਣੀ ਪਹਿਲੀ ਦਸਤਾਵੇਜ਼ੀ ਫਿਲਮ ਸੀ। ਇਸ ਤੋਂ ਪਹਿਲਾਂ ਦੂਰਦਰਸ਼ਨ ਜਲੰਧਰ ਨੇ ਸਾਹਿਤ ਅਕਾਦਮੀ ਇਨਾਮ ਜੇਤੂ ਲੇਖਕਾਂ ਦੀਆਂ ਫਿਲਮਾਂ ਬਣਾਈਆਂ ਸਨ। ਇਹ ਮਾਣ ਵੀ ਸ. ਗੁਰਸ਼ਰਨ ਸਿੰਘ ਨੂੰ ਹੀ ਜਾਂਦਾ ਹੈ ਕਿ ਮੰਡੀ ਮੁੱਲਾਂਪੁਰ ਵਿਚ ਉਨ੍ਹਾਂ ਦੇ ਨਾਂਅ 'ਤੇ 'ਲੋਕ ਕਲਾ ਮੰਚ' ਰੰਗਮੰਚ ਭਵਨ ਬਣਾਉਂਦਾ ਹੈ ਅਤੇ 'ਵਿਰਸਾ ਵਿਹਾਰ ਕੇਂਦਰ' ਅੰਮ੍ਰਿਤਸਰ ਅੰਦਰ ਇਕ ਹਾਲ ਕਮਰੇ ਦਾ ਨਾਮਕਰਨ ਵੀ ਉਨ੍ਹਾਂ ਦੇ ਨਾਂ 'ਤੇ ਹੋਇਆ ਹੈ।

ਇਸ ਮਾਣ-ਸਨਮਾਨ ਤੋਂ ਸਿਵਾ ਸੰਗੀਤ ਨਾਟਕ ਅਕਾਦਮੀ ਤੇ ਕਾਲੀਦਾਸ ਸਨਮਾਨ ਵਰਗੇ ਦੋ ਪ੍ਰਮੁੱਖ ਸਨਮਾਨ ਵੀ ਉਨ੍ਹਾਂ ਦੀ ਝੋਲੀ ਪਏ ਹਨ, ਇਨ੍ਹਾਂ ਦੋਵਾਂ ਨੂੰ ਹਾਸਲ ਕਰਨ ਵਾਲੇ ਉਹ ਇਕਲੌਤੇ ਪੰਜਾਬੀ ਹਨ। ਇਸੇ ਤਰ੍ਹਾਂ 'ਨੁੱਕੜ ਨਾਟਕ ਸਮਰਾਟ' ਨਾਂ ਦਾ ਸਨਮਾਨ ਲੈਣ ਵਾਲੇ ਪੰਜਾਬੀ ਵਜੋਂ ਵੀ ਉਨ੍ਹਾਂ ਦਾ ਨਾਂ ਇਤਿਹਾਸ ਦੇ ਸਫ਼ੇ 'ਤੇ ਦਰਜ ਹੈ। ਉਹ ਆਪਣੀ ਅਸਲ ਪ੍ਰਾਪਤੀ ਤੇ ਸਨਮਾਨ ਪੰਜਾਬ ਵਿਚ ਸਰਗਰਮ ਰੰਗਮੰਚ ਟੀਮ ਨੂੰ ਮੰਨਦੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਸਿੱਧੇ ਜਾਂ ਅਸਿੱਧੇ ਢੰਗ ਨਾਲ 'ਪਲਸ ਮੰਚ' ਨਾਲ ਸਬੰਧਿਤ ਹਨ।

(ਇਹ ਲੇਖ ਪੰਜਾਬ ਆਰਟਸ ਕੌਂਸਿਲ ਵੱਲੋਂ 'ਲਾਈਫ ਟਾਈਮ ਅਚੀਵਮੈਂਟ ਸਨਮਾਨ-2011' ਦੇ ਮੌਕੇ ਉਤੇ ਸੋਵੀਨੀਅਰ ਲਈ ਲਿਖਿਆ ਗਿਆ ਸੀ।)